16ਵੀਂ ਪੰਜਾਬ ਵਿਧਾਨ ਸਭਾ

ਬਾਰ੍ਹਵਾਂ (ਬਜਟ) ਸਮਾਗਮ

## ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ: 6

## ਵੀਰਵਾਰ, 12 ਮਾਰਚ, 2026

## (10.00 ਵਜੇ ਪੂਰਵ ਦੁਪਹਿਰ ਤੋਂ 4.00 ਵਜੇ ਸ਼ਾਮ ਤੱਕ)

1. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ :

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 14 | 1 | 5 | - | 18 |

2. **ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਣਯੋਗ ਸਪੀਕਰ ਵੱਲੋਂ ਵੱਖ-ਵੱਖ ਸਮੇਂ ਤੇ ਨਿਮਨਲਿਖਤ ਸ਼ਖਸੀਅਤਾਂ/ਵਿਜੀਟਰਜ਼ ਦੇ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ-

1. ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀ;
2. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਕਾਲਜ, ਕਰਹਾਲੀ ਸਾਹਿਬ, ਪਟਿਆਲਾ ਦੇ ਵਿਦਿਆਰਥੀ;
3. ਸ੍ਰੀ ਗੁਰੂ ਅਰਜਨ ਦੇਵ ਖਾਲਸਾ ਕਾਲਜ, ਤਰਨਤਾਰਨ ਦੇ ਵਿਦਿਆਰਥੀ;
4. ਮਾਣਯੋਗ ਸਪੀਕਰ ਸਾਹਿਬ ਦੇ ਭਰਾ, ਚਾਚੇ-ਤਾਏ ਅਤੇ ਹੋਰ ਪਰਿਵਾਰਕ ਮੈਂਬਰ, ਪਿੰਡ ਸੰਧਵਾਂ, ਕੋਟਕਪੂਰਾ;
5. ਸ੍ਰੀ ਮਹੇਸ਼ ਮੁਨੀ ਮੋਰਾਂਵਾਲੀ ਜੀ ਦੇ ਚੇਲੇ ਸ੍ਰੀ ਮਲਕੀਤ ਦਾਸ ਮਹੰਤ, ਗਊਸ਼ਾਲਾ, ਬੀੜ ਸਿੱਖਾਂ ਵਾਲਾ, ਜ਼ਿਲ੍ਹਾ ਫਰੀਦਕੋਟ।

3. **ਸਰਦਾਰ ਸੁਖਪਾਲ ਸਿੰਘ ਖਹਿਰਾ ਐਮ.ਐਲ.ਏ ਦੁਆਰਾ ਮੰਤਰੀਆਂ, ਮਾਣਯੋਗ ਸਪੀਕਰ ਅਤੇ ਸਦਨ ਦੇ ਮੈਂਬਰਜ਼ ਨੂੰ ਬੰਧੂਆਂ ਮਜ਼ਦੂਰ ਕਹਿਣ ਤੇ ਵਿਸ਼ੇਸ਼ ਅਧਿਕਾਰ ਦੇ ਹਨਨ ਸਬੰਧੀ ਪ੍ਰਸਤਾਵ**

ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਵੱਲੋਂ ਨਿਮਨਲਿਖਤ ਨਿੰਦਾ ਪ੍ਰਸਤਾਵ ਸਦਨ ਵਿੱਚ ਪੇਸ਼ ਕੀਤਾ ਅਤੇ ਪ੍ਰਵਾਨ ਹੋਇਆ :-

> "ਪੰਜਾਬ ਵਿਧਾਨ ਸਭਾ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.3.2026 ਨੂੰ ਆਪਣੇ ਸੋਸ਼ਲ ਮੀਡੀਆ ਪੇਜਾਂ ਤੇ ਸੰਵਿਧਾਨ ਦੇ ਅਧੀਨ ਬਣੇ ਪੰਜਾਬ ਦੇ ਮੰਤਰੀਆਂ, ਸਪੀਕਰ ਸਾਹਿਬ ਨੂੰ ਅਤੇ ਆਮ ਆਦਮੀ ਪਾਰਟੀ ਦੇ ਐਮ.ਐਲ.ਏਜ਼ ਨੂੰ ਬੰਧੂਆ ਮਜ਼ਦੂਰ ਕਿਹਾ ਗਿਆ ਹੈ। ਉਸ ਵੱਲੋਂ ਇਸ ਤਰ੍ਹਾਂ ਕਹਿ ਕੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਅਤੇ ਉਨ੍ਹਾਂ ਨੂੰ ਚੁਣਨ ਵਾਲੇ ਲੋਕਾਂ ਦਾ ਅਪਮਾਨ ਕੀਤਾ ਗਿਆ ਹੈ। ਉਸ ਦੇ ਇਹ ਕਹਿਣ ਦਾ ਮਤਲਬ ਹੈ ਕਿ ਇਸ ਵਿਧਾਨ ਸਭਾ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਹੀਂ, ਬੰਧੂਆ ਮਜ਼ਦੂਰ ਬੈਠੇ ਹਨ।
>
> ਮਿਤੀ 11.3.2026 ਨੂੰ ਸਦਨ ਵਿੱਚ ਜਦੋਂ ਉਸ ਨੂੰ ਮੁਆਫ਼ੀ ਮੰਗਣ ਤੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਤਾਂ ਉਸ ਨੇ ਕਿਹਾ ਕਿ ਮੈਂ ਆਪਣੇ ਸ਼ਬਦਾਂ ਤੋਂ ਪਿੱਛੇ ਨਹੀਂ ਹਟਾਂਗਾ। ਇਹ ਵਿਧਾਨ ਸਭਾ ਦੇ

ਮੈਂਬਰਾਂ ਅਤੇ ਇਸ ਪਵਿੱਤਰ ਸਦਨ ਦਾ ਅਪਮਾਨ ਹੈ। ਇਸ ਤਰ੍ਹਾਂ ਇਹ ਵਿਧਾਨ ਸਭਾ ਦੇ ਮੈਂਬਰਾਂ ਅਤੇ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਬਣਦਾ ਹੈ।

ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਤਰ੍ਹਾਂ ਕਰਕੇ ਸੰਵਿਧਾਨਿਕ ਪਦਾਂ ਤੇ ਬੈਠੇ ਵਿਅਕਤੀਆਂ, ਸੰਵਿਧਾਨਿਕ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਪਾਸ ਕੀਤਾ ਜਾਵੇ ਅਤੇ ਮਾਮਲੇ ਦੀ ਵਿਸਥਾਰਪੂਰਵਕ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

ਨਿਮਨਲਿਖਤ ਮੈਂਬਰਾਂ ਨੇ ਉਪਰੋਕਤ ਪਸ੍ਰਤਾਵ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

1. ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ — 08 ਮਿੰਟ
2. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ — 01 ਮਿੰਟ
3. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ — 03 ਮਿੰਟ

4. **ਮਾਣਯੋਗ ਸਪੀਕਰ ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ ਦੁਆਰਾ ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਖਿਲਾਫ ਬੋਲਣ ਲਈ ਸਦਨ ਦੁਆਰਾ ਪਾਸ ਕੀਤੇ ਗਏ ਪ੍ਰਸਾਤਵ ਰਾਹੀਂ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਣ ਸਬੰਧੀ**

ਸ਼੍ਰੀਮਤੀ ਰਾਜਿੰਦਰ ਪਾਲ ਕੌਰ ਵੱਲੋਂ ਨਿਮਨਲਿਖਤ ਪ੍ਰਸਤਾਵ ਸਦਨ ਵਿੱਚ ਪੇਸ਼ ਕੀਤਾ ਅਤੇ ਪ੍ਰਵਾਨ ਹੋਇਆ:-

"ਕਿ ਮੌਜੂਦਾ ਵਿਧਾਨ ਸਭਾ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.03.2026 ਨੂੰ ਸੋਸ਼ਲ ਮੀਡੀਆ ਤੇ ਆਪਣੇ ਪੇਜਾਂ ਉੱਪਰ ਪੋਸਟ ਪਾਈ ਗਈ ਹੈ ਕਿ 1000 ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ। ਉਸ ਵੱਲੋਂ ਇਹ ਪੋਸਟ ਪਾ ਕੇ ਉਸ ਨੇ ਸਾਡੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਦਾ ਨਿਰਾਦਰ ਅਤੇ ਅਪਮਾਨ ਕੀਤਾ ਹੈ। ਮੁਆਫ਼ੀ ਮੰਗਣ ਦੀ ਬਜਾਏ ਉਸ ਵੱਲੋਂ ਬਾਅਦ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੋ ਮੈਂ ਕਿਹਾ ਹੈ, ਉਸ ਤੇ ਸਟੈਂਡ ਕਰਦਾ ਹਾਂ। ਸਾਡਾ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇਥੇ ਗੁਰੂਆਂ ਵੱਲੋਂ ਔਰਤਾਂ ਨੂੰ ਬਹੁਤ ਉੱਚਾ ਦਰਜਾ ਦੇ ਕੇ ਨਿੰਦਾ ਕਰਨ ਤੋਂ ਵਰਜਿਆ ਗਿਆ ਹੈ। ਇਸ ਗੁਰੂਆਂ ਦੀ ਧਰਤੀ ਤੇ ਔਰਤਾਂ ਦਾ ਅਪਮਾਨ ਕਰਨਾ ਕਿਸੇ ਵੀ ਮਾਂ, ਭੈਣ, ਧੀ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਨੂੰ ਇਸ ਸਦਨ ਅਤੇ ਹੋਰ ਵੀ ਸੰਸਥਾਵਾਂ ਵਿੱਚ ਲੋਕਾਂ ਵੱਲੋਂ ਚੁਣ ਕੇ ਆਪਣੀ ਨੁਮਾਇੰਦਗੀ ਕਰਨ ਲਈ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਮਾਵਾਂ, ਭੈਣਾਂ, ਧੀਆਂ ਦਾ ਨਿਰਦਾਰ ਕਰਨਾ ਉਨ੍ਹਾਂ ਲੋਕਾਂ ਦਾ ਵੀ ਨਿਰਾਦਰ ਹੈ ਜਿਹੜੇ ਲੋਕ ਇਨ੍ਹਾਂ ਨੂੰ ਚੁਣ ਕੇ ਭੇਜਦੇ ਹਨ। ਇਸ ਤਰ੍ਹਾਂ ਇਹ ਲੋਕਤੰਤਰ ਦਾ ਵੀ ਨਿਰਾਦਰ ਹੈ।

ਸਰ, ਕੱਲ੍ਹ ਮਿਤੀ 11.03.2026 ਨੂੰ ਸਦਨ ਵਿੱਚ ਹਾਜ਼ਰ ਹੋਣ ਸਮੇਂ ਉਹ ਔਰਤ ਮੈਂਬਰ ਸਮੇਤ ਸਾਰੇ ਸੱਤਾਧਾਰੀ ਧਿਰ ਦੇ ਵਿਧਾਇਕਾਂ ਨੂੰ ਗਲਤ ਇਸ਼ਾਰੇ ਕਰਦਾ ਰਿਹਾ। ਸਦਨ ਵਿੱਚ ਆਪਣੀ ਸੀਟ ਤੇ ਲੱਤ ਤੇ ਲੱਤ ਰੱਖ ਕੇ ਹੰਕਾਰੀ ਮੁਦਰਾ ਵਿੱਚ ਬੈਠ ਕੇ ਉਸ ਨੇ ਸਦਨ ਦੇ ਨਾਰਮਜ਼ ਦੀ ਉਲੰਘਣਾ ਵੀ ਕੀਤੀ ਹੈ। ਉਸ ਨੇ ਸਦਨ ਦੇ ਅੰਦਰ ਵੀ ਇਹ ਦੁਹਰਾਇਆ ਕਿ ਮੈਂ ਆਪਣੀ 10.03.2026 ਨੂੰ ਸੋਸ਼ਲ ਮੀਡੀਆ ਤੇ ਪਾਈ ਪੋਸਟ ਤੇ ਕਾਇਮ ਹਾਂ ਅਤੇ ਇਸ ਨੂੰ ਵਾਪਸ ਨਹੀਂ ਲਵਾਂਗਾ।

ਸਪੀਕਰ ਸਾਹਿਬ, ਜਿਸ ਮੈਂਬਰ ਨੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਅਤੇ ਲੋਕਤੰਤਰ ਦਾ ਨਿਰਾਦਰ ਕੀਤਾ ਹੈ, ਉਸ ਨੂੰ ਇਸ ਸਦਨ ਵਿੱਚ ਬੈਠਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਮੈਂ ਪ੍ਰਸਤਾਵ ਪੇਸ਼ ਕਰਦੀ ਹਾਂ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਤਰ੍ਹਾਂ ਕਰਕੇ ਪੰਜਾਬ ਦੀਆਂ ਮਾਵਾਂ,

ਭੈਣਾਂ, ਧੀਆਂ ਅਤੇ ਸੰਵਿਧਾਨਿਕ ਪਦਾਂ ਤੇ ਬੈਠੇ ਵਿਅਕਤੀਆਂ, ਸੰਵਿਧਾਨਿਕ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਪਾਸ ਕੀਤਾ ਜਾਵੇ ਅਤੇ ਮਾਮਲੇ ਦੀ ਵਿਸਥਾਰਪੂਰਵਕ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

5. **ਧਿਆਨ ਦਿਵਾਊ ਨੋਟਿਸ**

1. ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ ਅਤੇ ਸ੍ਰੀ ਬਲਕਾਰ ਸਿੰਘ ਸਿੱਧੂ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਅਸਥਾਈ ਤੌਰ ਤੇ ਟਿਊਬਵੈਲ ਮੋਟਰਾਂ ਦੀ ਵਿਕਰੀ ਦੇ ਕਾਰਨ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਵੱਲ ਦਿਵਾਇਆ ਗਿਆ।

(ਨੰ:33)

ਲੋਕ ਨਿਰਮਾਣ (ਭ ਤੇ ਮ) ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

2. ਸ੍ਰੀ ਰਜਨੀਸ਼ ਕੁਮਾਰ ਦਹੀਯਾ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਰਾਜ ਵਿੱਚ ਮੈਡੀਕਲ ਨਸ਼ੇ ਆਸਾਨੀ ਨਾਲ ਉਪਲੱਬਧ ਹੋਣ ਵੱਲ ਦਿਵਾਇਆ।

(ਨੰ:35)

ਸਮਾਜਿਕ ਸੁਰੱਖਿਆ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

3. ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਪਟਿਆਲਾ ਵਿੱਚ ਗੁੜ ਮੰਡੀ, ਸਰਹਿੰਦੀ ਬਾਜ਼ਾਰ, ਪੁਰਾਣੀ ਸਬਜ਼ੀ ਮੰਡੀ ਆਦਿ ਪੁਰਾਣੇ ਬਾਜ਼ਾਰਾਂ ਦੀ ਥਾਂ ਤੇ ਨਵੀਆਂ ਦੁਕਾਨਾਂ, ਉਹਨਾਂ ਦੀ ਮੁਰੰਮਤ ਅਤੇ ਨਵੀਨੀਕਰਨ ਸਬੰਧੀ ਨਕਸ਼ਿਆਂ ਨੂੰ ਪੁਰਾਤੱਤਵ ਵਿਭਾਗ ਵੱਲੋਂ ਮਨਜ਼ੂਰੀ ਨਾ ਦੇਣ ਕਾਰਨ ਵਪਾਰਿਆਂ ਨੂੰ ਆ ਰਹੀਆਂ ਮੁਸ਼ਕਲਾਂ ਵੱਲ ਦਿਵਾਇਆ।

(ਨੰ:45)

ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

6. **ਰਿਪੋਰਟਾਂ ਪੇਸ਼ ਕਰਨਾ**

1. ਅਨੁਮਾਨ ਕਮੇਟੀ ਦੇ ਸਭਾਪਤੀ (ਸਰਦਾਰ ਮਨਜੀਤ ਸਿੰਘ ਬਿਲਾਸਪੁਰ) ਨੇ ਕਮੇਟੀ ਦੇ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਸਬੰਧ ਵਿੱਚ ਬਜਟ ਅਨੁਮਾਨਾਂ ਤੇ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਸਰਦਾਰ ਮਨਜੀਤ ਸਿੰਘ ਬਿਲਾਸਪੁਰ 02 ਮਿੰਟਾਂ ਲਈ ਬੋਲੇ।

2. ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੇ ਸਭਾਪਤੀ (ਸ੍ਰੀਮਤੀ ਇੰਦਰਜੀਤ ਕੌਰ ਮਾਨ) ਨੇ ਸਾਲ 2025-26 ਦੀ 18ਵੀਂ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਸ੍ਰੀਮਤੀ ਇੰਦਰਜੀਤ ਕੌਰ ਮਾਨ 02 ਮਿੰਟਾਂ ਲਈ ਬੋਲੇ।

3. ਸਦਨ ਦੀ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਅਤੇ ਲਾਈਬ੍ਰੇਰੀ ਕਮੇਟੀ ਦੇ ਸਭਾਪਤੀ (ਮੁਹੰਮਦ ਜਮੀਲ ਉਰ ਰਹਿਮਾਨ) ਨੇ ਸਾਲ 2025-26 ਲਈ ਦੂਜੀ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਮੁਹੰਮਦ ਜਮੀਲ ਉਰ ਰਹਿਮਾਨ 02 ਮਿੰਟਾਂ ਲਈ ਬੋਲੇ।

4. ਪਟੀਸ਼ਨ ਕਮੇਟੀ ਸਬੰਧੀ ਕਮੇਟੀ ਦੇ ਸਭਾਪਤੀ (ਸ੍ਰੀ ਬ੍ਰਹਮ ਸ਼ੰਕਰ (ਜਿੰਪਾ) ਨੇ ਕਮੇਟੀ ਦੀ ਸਾਲ 2025-26 ਲਈ ਕਮੇਟੀ ਦੀ ਦੂਜੀ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਸ੍ਰੀ ਬ੍ਰਹਮ ਸ਼ੰਕਰ (ਜਿੰਪਾ) 01 ਮਿੰਟਾਂ ਲਈ ਬੋਲੇ।

5. ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ) ਨੇ ਕਮੇਟੀ ਦੀ ਸਾਲ 2025-26 ਲਈ ਕਮੇਟੀ ਦੀ ਚੌਥੀ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ 03 ਮਿੰਟਾਂ ਲਈ ਬੋਲੇ।

6. ਅਧੀਨ ਵਿਧਾਨ ਕਮੇਟੀ ਦੇ ਸਭਾਪਤੀ (ਸਰਦਾਰ ਕੁਲਵੰਤ ਸਿੰਘ ਸਿੱਧੂ) ਨੇ ਸਾਲ 2025-26 ਲਈ ਕਮੇਟੀ ਦੀ 47ਵੀਂ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਸਰਦਾਰ ਕੁਲਵੰਤ ਸਿੰਘ ਸਿੱਧੂ 03 ਮਿੰਟਾਂ ਲਈ ਬੋਲੇ।

7. ਵਿਸ਼ੇਸ਼ ਅਧਿਕਾਰ ਕਮੇਟੀ ਦੇ ਸਭਾਪਤੀ (ਸਰਦਾਰ ਕੁਲਵੰਤ ਸਿੰਘ ਪੰਡੋਰੀ) ਨੇ ਸਾਲ 2025-26 ਦੌਰਾਨ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦੇ ਸਬੰਧ ਵਿੱਚ ਕੀਤੇ ਗਏ ਕੰਮ ਦੇ ਵੇਰਵੇ ਪੇਸ਼ ਕੀਤੇ।

ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਸਰਦਾਰ ਕੁਲਵੰਤ ਸਿੰਘ ਪੰਡੋਰੀ 01 ਮਿੰਟਾਂ ਲਈ ਬੋਲੇ।

8. ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਸਰਵਨ ਸਿੰਘ ਧੁੰਨ) ਨੇ ਸਾਲ 2025-26 ਲਈ ਚੌਥੀ ਰਿਪੋਰਟ ਪੇਸ਼ ਕੀਤੀ।

ਰਿਪੋਰਟ ਪੇਸ਼ ਕਰਦੇ ਹੋਏ ਸਭਾਪਤੀ, ਸਰਦਾਰ ਸਰਵਣ ਸਿੰਘ ਧੁੰਨ 01 ਮਿੰਟਾਂ ਲਈ ਬੋਲੇ।

**7. <u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ</u>**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 4 ਅਧੀਨ ਦਰਸਾਏ ਗਏ 1 ਤੋਂ 4 ਤੱਕ ਦੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

**8. <u>ਸਰਕਾਰੀ ਮਤਾ</u>**

ਸ੍ਰੀ ਲਾਲ ਚੰਦ, ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਵੱਲੋਂ ਨਿਮਨਲਿਖਤ ਸਰਕਾਰੀ ਮਤਾ ਜੋ ਉਨ੍ਹਾਂ ਦੁਆਰਾ ਮਿਤੀ 11.03.2026 ਨੂੰ ਸਦਨ ਵਿੱਚ ਪੇਸ਼ ਕੀਤਾ ਗਿਆ ਅਤੇ ਇਸ ਦੀ ਉਨ੍ਹਾਂ ਦੁਆਰਾ ਮਿਤੀ 12.03.2026 ਨੂੰ ਦਿੱਤੀ ਸੋਧਨਾ ਦੀ ਪ੍ਰਵਾਨਗੀ ਉਪਰੰਤ, ਇਹ ਮਤਾ ਸੋਧੇ ਅਨੁਸਾਰ, ਸਰਬਸੰਮਤੀ ਨਾਲ ਪ੍ਰਵਾਨ ਹੋਇਆ :-

"ਇਰਾਨ ਦਾ ਅਮਰੀਕਾ ਤੇ ਇਜ਼ਰਾਇਲ ਨਾਲ ਯੁੱਧ, ਜੋ ਲਗਭਗ ਸੱਤ ਦੇਸ਼ਾਂ ਨੂੰ ਵੀ ਚਪੇਟ ਵਿੱਚ ਲੈ ਚੁੱਕਿਆ ਹੈ, ਉਹ ਭਾਰਤ ਦੀ ਕੇਂਦਰ ਸਰਕਾਰ ਦੀ ਵਿਦੇਸ਼ ਨੀਤੀ ਦੀ ਵਿਫਲਤਾ ਦੇ ਕਾਰਨ ਅੱਜ ਭਾਰਤੀ

ਆਰਥਿਕਤਾ ਨੂੰ ਬਹੁਤ ਵੱਡਾ ਝਟਕਾ ਦੇ ਰਿਹਾ ਹੈ। ਭਾਰਤ ਦੇ ਲੋਕਾਂ ਖਾਸ ਕਰ ਅਦਾਰਿਆਂ ਨੂੰ ਲਗਾਤਾਰ ਐਲ.ਪੀ.ਜੀ. ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਸਰਕਾਰ ਇੱਕ ਪਾਸੇ ਤਾਂ ਝੂਠੇ ਆਸ਼ਵਾਸਨ ਦੇ ਰਹੀ ਹੈ ਪਰੰਤੂ ਦੂਜੇ ਪਾਸੇ ਖੁਦ ਐਲ.ਪੀ.ਜੀ. ਦੇ ਰੇਟਾਂ ਵਿੱਚ ਭਾਰੀ ਵਾਧਾ ਕੀਤਾ ਗਿਆ ਹੈ। 14 ਕਿਲੋ ਦੇ ਘਰੇਲੂ ਸਿਲੰਡਰ ਵਿੱਚ 60/- ਰੁਪਏ ਅਤੇ ਕਮਰਸ਼ੀਅਲ ਸਿਲੰਡਰਾਂ ਵਿੱਚ 115/- ਰੁਪਏ ਦਾ ਵਾਧਾ ਕਰ ਦਿੱਤਾ ਹੈ ਜੋ ਖੁਦ ਦਰਸਾ ਰਿਹਾ ਹੈ ਕਿ ਕਿੱਲਤ ਜ਼ਿਆਦਾ ਹੈ।

ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ, ਜੋ ਪੰਜ ਲੱਖ ਤੋਂ ਵੱਧ ਰੈਸਟੋਰੈਂਟਸ ਦੀ ਨੁਮਾਇੰਦਗੀ ਕਰਦੀ ਹੈ, ਉਸ ਨੇ ਅਲਾਰਮ ਕੀਤਾ ਹੈ ਕਿ ਅਗਲੇ 72 ਘੰਟੇ ਵਿੱਚ ਜੇਕਰ ਐਲ.ਪੀ.ਜੀ. ਦੀ ਗੈਸ ਦੀ ਸਪਲਾਈ ਸਹੀ ਨਹੀਂ ਹੁੰਦੀ ਤਾਂ ਰੈਸਟੋਰੈਂਟ ਬੰਦ ਕਰਨੇ ਪੈ ਸਕਦੇ ਹਨ। ਇਸ ਦਾ ਇਹ ਅਸਰ ਪਵੇਗਾ ਕਿ ਜਿਹੜੇ ਲੋਕ ਰੋਡ ਤੇ, ਹਾਈਵੇਅ ਤੇ ਜਾ ਰਹੇ ਹਨ ਤਾਂ ਉਨ੍ਹਾਂ ਨੇ ਜੋ ਕਿਤੇ ਚਾਹ ਪੀਣੀ ਹੈ, ਰੋਟੀ ਖਾਣੀ ਹੈ, ਘਰਾਂ ਤੋਂ ਨਿਕਲੇ ਹਨ, ਤਾਂ ਉਨ੍ਹਾਂ ਦੀ ਆਉਣ ਵਾਲੇ ਸਮੇਂ ਵਿੱਚ ਕੀ ਸਥਿਤੀ ਬਣੇਗੀ। ਅਜਿਹੀ ਸਥਿਤੀ ਬਣ ਰਹੀ ਹੈ ਕਿ ਰੈਸਟੋਰੈਂਟ ਬੰਦ ਕਰਨੇ ਪੈਣਗੇ। ਪਹਿਲਾਂ ਹੀ ਚੇਨੱਈ, ਮੁੰਬਈ ਅਤੇ ਬੈਂਗਲੋਰ ਵਿੱਚ ਐਲ.ਪੀ.ਜੀ. ਦੀ ਬਹੁਤ ਵੱਡੀ ਕਿੱਲਤ ਪੈਦਾ ਹੋ ਚੁੱਕੀ ਹੈ।

ਐਲ.ਪੀ.ਜੀ. ਸਿਲੰਡਰ ਦੀ ਹਾਲਤ ਇਹ ਹੈ ਕਿ ਜੇ ਦਿੱਲੀ ਵਿੱਚ ਸਿਲੰਡਰ 913/- ਰੁਪਏ ਦਾ ਹੈ ਤਾਂ ਮੁੰਬਈ ਵਿੱਚ 939/- ਰੁਪਏ ਤੇ ਪਹੁੰਚ ਚੁੱਕਿਆ ਹੈ ਅਤੇ ਪਟਨਾ ਵਿੱਚ 1002/- ਰੁਪਏ ਤੇ ਘਰੇਲੂ ਸਿਲੰਡਰ ਮਿਲ ਰਿਹਾ ਹੈ।

ਕੇਂਦਰ ਸਰਕਾਰ ਨੇ ਚੰਦ ਕਾਰਪੋਰੇਟ ਘਰਾਣਿਆਂ ਨੂੰ ਅੱਗੇ ਵਧਾਉਣ ਲਈ ਜੋ ਭਾਰਤ ਦੀ ਵਿਦੇਸ਼ ਨੀਤੀ ਨਾਲ ਖਿਲਵਾੜ ਕੀਤਾ ਹੈ, ਅੱਜ ਭਾਰਤ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ। ਅਸੀਂ ਸਾਰੇ ਦੇਖਦੇ ਹਾਂ ਕਿ ਸਾਡੀਆਂ ਜੰਗਾਂ ਰੁਕਵਾਉਣ ਵਿੱਚ ਵੀ ਉਹ ਭੂਮਿਕਾ ਅਦਾ ਕਰਦੇ ਹਨ। ਅਸੀਂ ਤੇਲ ਕਿਹੜੇ ਦੇਸ਼ ਤੋਂ ਲੈਣਾ ਹੈ, ਇਹ ਵੀ ਉਹ ਤੈਅ ਕਰਦੇ ਹਨ। ਉਹ ਇਹ ਵੀ ਡਿਕਟੇਟ ਕਰਦੇ ਹਨ ਕਿ ਕਿੰਨੇ ਦਿਨ ਤੱਕ ਤੇਲ ਲੈਣਾ ਹੈ। ਸੋ, ਵਿਦੇਸ਼ ਨੀਤੀ ਨਾਲ ਖਿਲਵਾੜ ਕੀਤਾ ਗਿਆ ਹੈ ਤੇ ਅੱਜ ਭਾਰਤ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ ਕਿਉਂਕਿ ਅੱਜ ਭਾਰਤ ਕਿਸ ਨੂੰ ਆਪਣਾ ਦੋਸਤ ਕਹੇਗਾ ਤੇ ਕਿਸ ਨੂੰ ਨਹੀਂ, ਇਹ ਅੱਜ ਦੀ ਵਿਦੇਸ਼ ਨੀਤੀ ਨੇ ਬਹੁਤ ਵੱਡੇ ਸ਼ੰਕੇ ਦੇ ਰੂਪ ਵਿੱਚ ਖੜ੍ਹਾ ਕਰ ਦਿੱਤਾ ਹੈ।

ਇਹ ਸਦਨ ਗਹਿਰੇ ਅਤੇ ਗੰਭੀਰ ਰੋਸ ਦੇ ਨਾਲ ਇਹ ਦਰਜ ਕਰਦਾ ਹੈ ਕਿ ਭਾਰਤ ਦੀ ਅਸਫਲ ਵਿਦੇਸ਼ ਨੀਤੀ ਅਤੇ ਅਸੰਤੁਲਿਤ ਊਰਜਾ ਨੀਤੀ ਦੇ ਕਾਰਨ ਪੂਰੇ ਦੇਸ਼ ਵਿੱਚ ਅੱਜ ਊਰਜਾ ਸੰਕਟ ਦੀ ਸਥਿਤੀ ਪੈਦਾ ਹੋ ਗਈ ਹੈ।

ਅੱਜ ਭਾਰਤ ਵਿੱਚ ਬਣੀ ਇਹ ਸਥਿਤੀ ਸਿਰਫ਼ ਅੰਤਰ-ਰਾਸ਼ਟਰੀ ਪਰਿਸਥਿਤੀਆਂ ਦਾ ਨਤੀਜਾ ਨਹੀਂ ਹੈ ਬਲਕਿ ਕੇਂਦਰ ਸਰਕਾਰ ਦੀ ਕਮਜ਼ੋਰ ਅਸੰਗਤ ਅਤੇ ਦਿਸ਼ਾਹੀਣ ਵਿਦੇਸ਼ ਨੀਤੀ ਦਾ ਨਤੀਜਾ ਹੈ।

ਅੱਜ ਭਾਰਤ ਦੀ ਊਰਜਾ ਸੁਰੱਖਿਆ ਉੱਤੇ ਗੰਭੀਰ ਖਤਰਾ ਖੜ੍ਹਾ ਹੋ ਗਿਆ ਹੈ। ਐਲ.ਪੀ.ਜੀ. ਗੈਸ ਦੀ ਸਪਲਾਈ ਵਿੱਚ ਭਿਆਨਕ ਕਮੀ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਦੇਸ਼ ਵਿੱਚ ਰੈਸਟੋਰੈਂਟ, ਢਾਬੇ, ਛੋਟੇ ਵਪਾਰੀ ਅਤੇ ਆਮ ਉਪਭੋਗਤਾ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਦੇਸ਼ ਦੇ ਕਈ ਵੱਡੇ ਸ਼ਹਿਰਾਂ ਦਿੱਲੀ, ਮੁੰਬਈ, ਬੰਗਲੁਰੂ ਅਤੇ ਚੇਨਈ ਵਿੱਚ ਐਲਪੀਜੀ ਵਿੱਚ ਭਾਰੀ ਕਮੀ ਦੀਆਂ ਖਬਰਾਂ ਸਾਮ੍ਹਣੇ ਆਈਆਂ ਹਨ। ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ, ਜੋ ਦੇਸ਼ ਦੇ ਪੰਜ ਲੱਖ ਤੋਂ ਵੱਧ ਰੈਸਟੋਰੈਂਟਾਂ ਦੀ ਨੁਮਾਇੰਦਗੀ ਕਰਦੀ ਹੈ, ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਗਲੇ 72 ਘੰਟਿਆਂ ਵਿੱਚ ਐਲਪੀਜੀ ਦੀ ਸਪਲਾਈ ਸਧਾਰਨ ਨਹੀਂ ਹੋਈ ਤਾਂ ਦੇਸ਼ ਭਰ ਵਿੱਚ ਹਜ਼ਾਰਾਂ ਰੈਸਟੋਰੈਂਟਾਂ ਅਤੇ ਭੋਜਨਾਲਯ ਬੰਦ ਕਰਨ ਦੀ ਨੌਬਤ ਆ ਸਕਦੀ ਹੈ।

ਪੰਜਾਬ ਵਿੱਚ ਸਥਿਤੀ - ਇਹ ਸੰਕਟ ਪੰਜਾਬ ਵਿੱਚ ਵੀ ਸਪੱਸ਼ਟ ਨਜ਼ਰ ਆ ਰਿਹਾ ਹੈ। ਕਈ ਥਾਵਾਂ ਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਰੈਸਟੋਰੈਂਟ, ਢਾਬੇ ਅਤੇ ਛੋਟੇ ਹੋਟਲ ਚਲਾਉਣ ਵਾਲਿਆਂ ਨੂੰ ਸਿਲੰਡਰ ਪ੍ਰਾਪਤ ਕਰਨ ਲਈ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਛੋਟੇ ਵਪਾਰੀਆਂ

ਅਤੇ ਭੋਜਨਾਲਯ ਦੀ ਲਾਗਤ ਤੇਜ਼ੀ ਨਾਲ ਵੱਧ ਰਹੀ ਹੈ। ਆਮ ਲੋਕਾਂ ਨੂੰ ਘਰੇਲੂ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਨਾਲ ਸਿੱਧਾ ਬੋਝ ਪੈ ਰਿਹਾ ਹੈ।

ਇਨ੍ਹਾਂ ਪ੍ਰਸਥਿਤੀਆਂ ਵਿੱਚ ਕੇਂਦਰ ਸਰਕਾਰ ਜਨਤਾ ਨੂੰ ਭਰੋਸਾ ਦੇਣ ਦੀ ਬਜਾਏ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ। ਇਹ ਸਥਿਤੀ ਆਪੇ ਹੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਕੇਂਦਰ ਸਰਕਾਰ ਇਸ ਸੰਕਟ ਦੀ ਗੰਭੀਰਤਾ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਇਹ ਸਥਿਤੀ ਇਹ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਕੁਝ ਚੁਨਿੰਦਾ ਕਾਰਪੋਰੇਟ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਜਾ ਰਹੀ ਹੈ ਅਤੇ ਕੀ ਇਸ ਕਾਰਨ ਦੇਸ਼ ਦੀ ਊਰਜਾ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ?

ਇਸ ਲਈ ਇਹ ਸਦਨ ਕੇਂਦਰ ਸਰਕਾਰ ਦੀ ਅਸਫਲ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਦੀ ਕੜੀ ਨਿੰਦਾ ਕਰਦਾ ਹੈ, ਜਿਸ ਨੇ ਦੇਸ਼ ਨੂੰ ਇਸ ਗੰਭੀਰ ਊਰਜਾ ਸੰਕਟ ਦੀ ਸਥਿਤੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਐਲਪੀਜੀ ਗੈਸ ਸਪਲਾਈ ਸਧਾਰਨ ਕਰਨ ਲਈ ਤੁਰੰਤ ਐਮਰਜੈਂਸੀ ਕਦਮ ਚੁੱਕੇ ਜਾਣ। ਘਰੇਲੂ ਅਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਵਾਪਸ ਲਈਆਂ ਜਾਣ। ਦੇਸ਼ ਦੀ ਊਰਜਾ ਸੁਰੱਖਿਆ ਯਕੀਨੀ ਬਣਾਉਣ ਲਈ ਸਪੱਸ਼ਟ, ਪਾਰਦਰਸ਼ੀ ਅਤੇ ਭਾਰਤ ਦੇ ਹਿਤਾਂ ਨੂੰ ਸਰਵੋਪਰਿ ਰੱਖਣ ਵਾਲੀ ਨੀਤੀ ਅਪਣਾਈ ਜਾਵੇ। ਇਸ ਸੰਕਟ ਤੋਂ ਪ੍ਰਭਾਵਿਤ ਛੋਟੇ ਵਪਾਰੀਆਂ, ਰੈਸਟੋਰੈਂਟ ਉਦਯੋਗ ਅਤੇ ਆਮ ਉਪਭੋਗਤਾਵਾਂ ਨੂੰ ਰਾਹਤ ਦੇਣ ਲਈ ਤੁਰੰਤ ਵਿਸ਼ੇਸ਼ ਸਹਾਇਤਾ ਦੇਣ ਲਈ ਉਪਾਅ ਐਲਾਨੇ ਜਾਣ।

ਇਹ ਸਦਨ ਕੇਂਦਰ ਸਰਕਾਰ ਤੋਂ ਇਹ ਵੀ ਉਮੀਦ ਕਰਦਾ ਹੈ ਕਿ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਤੋਂ ਬਚਣ ਲਈ ਭਾਰਤ ਦੀ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਨੂੰ ਰਾਸ਼ਟਰੀ ਹਿਤਾਂ, ਆਰਥਿਕ ਸਥਿਰਤਾ ਅਤੇ ਆਮ ਜਨਤਾ ਦੀਆਂ ਜ਼ਰੂਰਤਾਂ ਦੇ ਅਨੁਕੂਲ ਮੁੜ ਪਰਿਭਾਸ਼ਿਤ ਕੀਤਾ ਜਾਵੇ।"

ਨਿਮਨਲਿਖਤ ਮੈਂਬਰਾਂ ਨੇ ਉਪਰੋਕਤ ਸਰਕਾਰੀ ਮਤੇ ਤੇ ਹੋਈ ਬਹਿਸ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸ. ਕੁਲਦੀਪ ਸਿੰਘ ਧਾਲੀਵਾਲ, ਆਮ ਆਦਮੀ ਪਾਰਟੀ | 13 ਮਿੰਟ |
| 2. | ਸ. ਗੁਰਿੰਦਰ ਸਿੰਘ ਗੈਰੀ ਬੜਿੰਗ, ਆਮ ਆਦਮੀ ਪਾਰਟੀ | 06 ਮਿੰਟ |
| 3. | ਡਾ. ਵਿਜੈ ਸਿੰਗਲਾ, ਆਮ ਆਦਮੀ ਪਾਰਟੀ | 05 ਮਿੰਟ |
| 4. | ਸ੍ਰੀ ਬ੍ਰਹਮ ਸ਼ੰਕਰ (ਜਿੰਪਾ), ਆਮ ਆਦਮੀ ਪਾਰਟੀ | 04 ਮਿੰਟ |
| 5. | ਸ. ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਆਮ ਆਦਮੀ ਪਾਰਟੀ | 05 ਮਿੰਟ |
| 6. | ਸ. ਮਨਵਿੰਦਰ ਸਿੰਘ ਗਿਆਸਪੁਰਾ, ਆਮ ਆਦਮੀ ਪਾਰਟੀ | 01 ਮਿੰਟ |
| 7. | ਸ. ਬਲਕਾਰ ਸਿੰਘ, ਆਮ ਆਦਮੀ ਪਾਰਟੀ | 04 ਮਿੰਟ |
| 8. | ਡਾ. ਇੰਦਰਬੀਰ ਸਿੰਘ ਨਿੱਜਰ, ਆਮ ਆਦਮੀ ਪਾਰਟੀ | 05 ਮਿੰਟ |
| 9. | ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ | 05 ਮਿੰਟ |
| 10. | ਸ. ਗੁਰਪ੍ਰੀਤ ਸਿੰਘ ਬਨਾਂਵਾਲੀ, ਆਮ ਆਦਮੀ ਪਾਰਟੀ | 06 ਮਿੰਟ |
| 11 | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ | 08 ਮਿੰਟ |
| 12. | ਸ. ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 01 ਮਿੰਟ |
| 13. | ਸ੍ਰੀ ਅਵਤਾਰ ਸਿੰਘ ਜੂਨੀਅਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 08 ਮਿੰਟ |
| **14.** | ਸ੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 15 ਮਿੰਟ |

15. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ — 01 ਮਿੰਟ
16. ਸਰਦਾਰ ਲਾਲਜੀਤ ਸਿੰਘ ਭੁੱਲਰ, ਟਰਾਂਸਪੋਰਟ ਮੰਤਰੀ — 04 ਮਿੰਟ
17. ਸ. ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ — 06 ਮਿੰਟ
18. ਸਰਦਾਰ ਹਰਭਜਨ ਸਿੰਘ, ਲੋਕ ਨਿਰਮਾਣ (ਭ ਤੇ ਮ) ਮੰਤਰੀ — 10 ਮਿੰਟ
19. ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ — 18 ਮਿੰਟ

ਸ੍ਰੀ ਲਾਲ ਚੰਦ, ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਮਤੇ ਤੇ ਹੋਈ ਬਹਿਸ ਦੇ ਜਵਾਬ ਦਿੰਦੇ ਹੋਏ 12 ਮਿੰਟਾਂ ਲਈ ਬੋਲੇ।

9. **ਸਦਨ ਦਾ ਸਮਾਂ ਵਧਾਉਣ ਸਬੰਧੀ**

ਮਾਣਯੋਗ ਸਪੀਕਰ ਵੱਲੋਂ ਅੱਜ ਦੀ ਬੈਠਕ ਦਾ ਸਮਾਂ ਸਦਨ ਦੀ ਸਹਿਮਤੀ ਨਾਲ 04.00 ਵਜੇ ਸ਼ਾਮ ਤੱਕ ਵਧਾਇਆ ਗਿਆ।

10. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥੱਗਿਤ ਕਰਨਾ**

ਮਾਣਯੋਗ ਡਿਪਟੀ ਸਪੀਕਰ ਵੱਲੋਂ ਸਦਨ ਨੂੰ 01.00 ਵਜੇ ਬਾਅਦ ਦੁਪਹਿਰ ਤੋਂ 02.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਗਿਆ।

11. **ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ ਵੱਲੋਂ ਹੇਠ ਲਿਖਿਆ ਗੈਰ ਸਰਕਾਰੀ ਮਤਾ ਸਦਨ ਵਿੱਚ ਪੇਸ਼ ਕੀਤਾ ਗਿਆ:-**

> "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਸਰਕਾਰ ਅਜਿਹੇ ਕਾਨੂੰਨੀ ਉਪਬੰਧ ਕਰੇ ਕਿ ਰਾਜ ਅੰਦਰ ਨਵੀਆਂ ਸੜਕਾਂ ਦੀ ਉਸਾਰੀ ਅਤੇ ਪੁਰਾਣੀਆਂ ਸੜਕਾਂ ਦੀ ਰਿਪੇਅਰ ਸਮੇਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਸਾਰੀ ਜਾਂ ਰਿਪੇਅਰ ਉਪਰੰਤ ਸੜਕਾਂ ਧਰਾਤਲ ਤੋਂ ਇੰਨੀਆਂ ਉੱਚੀਆਂ ਨਾ ਹੋ ਜਾਣ ਕਿ ਕਿਸਾਨਾਂ ਦੇ ਖੇਤਾਂ ਵਿੱਚ ਵੱਡੀ ਮਾਤਰਾ ਵਿੱਚ ਬਰਸਾਤੀ ਪਾਣੀ ਖੜ੍ਹਾ ਹੋ ਜਾਵੇ।"

ਮਤਾ ਪੇਸ਼ ਕਰਦੇ ਹੋਏ ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ 06 ਮਿੰਟ ਲਈ ਬੋਲੇ।

ਮਾਣਯੋਗ ਡਿਪਟੀ ਸਪੀਕਰ ਨੇ 11.53 ਵਜੇ ਪੂਰਵ ਦੁਪਹਿਰ ਤੋਂ 12.13 ਵਜੇ ਬਾਅਦ ਦੁਪਹਿਰ ਤੱਕ, 12.43 ਵਜੇ ਬਾਅਦ ਦੁਪਹਿਰ ਤੋਂ 1.00 ਵਜੇ ਬਾਅਦ ਦੁਪਹਿਰ ਤੱਕ ਅਤੇ 2.00 ਵਜੇ ਬਾਅਦ ਦੁਪਹਿਰ ਤੋਂ 02.27 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਉਪਰੰਤ, ਸਦਨ ਸੋਮਵਾਰ ਮਿਤੀ 16 ਮਾਰਚ, 2026 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ** — **ਰਾਮ ਲੋਕ ਖਟਾਣਾ**

**13 ਮਾਰਚ, 2026** — **ਸਕੱਤਰ**